Australian Government
Department of Health and Aged Care

medicare

# ਮੈਡੀਕੇਅਰ ਵਿੱਚ ਹੋਰ ਵੀ ਬਹੁਤ ਕੁਝ ਹੈ



## ਹੋਰ ਜਾਣਕਾਰੀ

**ਮੈਡੀਕੇਅਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ ਇਸ ਬਾਰੇ ਹੋਰ ਜਾਣਨ ਲਈ, medicare.gov.au/stronger ‘ਤੇ ਜਾਓ**

ਹੋਰ ਜਾਣਨ ਲਈ ਸਕੈਨ ਕਰੋ

ਮੈਡੀਕੇਅਰ ਆਸਟ੍ਰੇਲੀਆ ਦੀ ਸਿਹਤ ਸੰਭਾਲ ਪ੍ਰਣਾਲੀ ਹੈ, ਜੋ ਆਸਟ੍ਰੇਲੀਆ ਦੇ ਸਾਰੇ ਲੋਕਾਂ ਨੂੰ ਘੱਟ ਜਾਂ ਬਿਨਾਂ ਕਿਸੇ ਲਾਗਤ 'ਤੇ ਬਹੁਤ ਸਾਰੀਆਂ ਤੇ ਵੱਖੋ ਵੱਖਰੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਦਿੰਦੀ ਹੈ।

ਇਹ ਯਕੀਨੀ ਬਣਾਉਣ ਲਈ ਕਿ ਆਸਟ੍ਰੇਲੀਆ ਦੇ ਲੋਕਾਂ ਕੋਲ ਕਿਫਾਇਤੀ ਸਿਹਤ ਸੰਭਾਲ, ਜ਼ਰੂਰੀ ਦੇਖਭਾਲ ਅਤੇ ਮਾਨਸਿਕ ਸਿਹਤ ਸੇਵਾਵਾਂ ਤੱਕ ਬਿਹਤਰ ਪਹੁੰਚ ਹੈ, ਮੈਡੀਕੇਅਰ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ।

## ਮੈਡੀਕੇਅਰ ਨਾਲ ਤੁਸੀਂ ਇਹਨਾਂ ਤੋਂ ਲਾਭ ਲੈ ਸਕਦੇ ਹੋ:

- ਡਾਕਟਰਾਂ ਅਤੇ ਹੋਰ ਸਿਹਤ ਪੇਸ਼ੇਵਰਾਂ ਤੋਂ ਮੁਫਤ ਜਾਂ ਘੱਟ ਲਾਗਤ ਵਿੱਚ ਸੇਵਾਵਾਂ
- ਮੁਫਤ ਜਾਂ ਘੱਟ ਕੀਮਤ ਵਿੱਚ ਮਾਨਸਿਕ ਸਿਹਤ ਦੇਖਭਾਲ
- ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ ਦੇ ਵਧ ਰਹੇ ਨੈੱਟਵਰਕ ਰਾਹੀਂ ਮੁਫ਼ਤ, ਜ਼ਰੂਰੀ ਦੇਖਭਾਲ
- ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ ਦੇ ਤਹਿਤ, ਯੋਗ ਬੱਚਿਆਂ ਲਈ ਦੰਦਾਂ ਦੀਆਂ ਕੁਝ ਬੁਨਿਆਦੀ ਸੇਵਾਵਾਂ ਦਾ ਕੁੱਝ ਹਿੱਸਾ ਜਾਂ ਸਾਰਾ ਖਰਚਾ।



## ਮੈਡੀਕੇਅਰ ਦਾ ਵੱਧ ਤੋਂ ਵੱਧ ਲਾਭ ਉਠਾਉਣਾ

### ਜਦੋਂ ਅਤੇ ਜਿੱਥੇ ਤੁਹਾਨੂੰ ਇਸਦੀ ਲੋੜ ਹੈ ਦੇਖਭਾਲ ਪ੍ਰਾਪਤ ਕਰੋ:

- **ਜੀ ਪੀ, ਮਾਹਰ ਅਤੇ ਟੈਲੀਹੈਲਥ ਮੁਲਾਕਾਤਾਂ:** ਪਤਾ ਕਰੋ ਕਿ ਕੀ ਤੁਹਾਡਾ ਪ੍ਰਦਾਤਾ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦਾ ਹੈ। ਜੇਕਰ ਉਹ ਨਹੀਂ ਕਰਦੇ, ਤਾਂ ਤੁਹਾਨੂੰ ਫੀਸਾਂ ਦਾ ਭੁਗਤਾਨ ਕਰਨਾ ਪਵੇਗਾ ਅਤੇ ਫਿਰ ਮੈਡੀਕੇਅਰ ਤੋਂ ਦਾਅਵਾ ਕਰਨਾ ਪਵੇਗਾ। ਤੁਸੀਂ ਇਹ ਵੀ ਪੁੱਛ ਸਕਦੇ ਹੋ ਕਿ ਕੀ ਤੁਹਾਡਾ ਜੀ ਪੀ ਜਾਂ ਮਾਹਰ ਤੁਹਾਡੀ ਸਹੂਲਤ ਲਈ ਫ਼ੋਨ ਜਾਂ ਵੀਡੀਓ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦੇ ਹਨ, ਜੇਕਰ ਤੁਸੀਂ ਇਸਦੇ ਯੋਗ ਹੋ।
- **ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ** ਵਿੱਚ ਜਾਓ: ਜ਼ਰੂਰੀ ਦੇਖਭਾਲ ਲਈ ਮੁਫ਼ਤ, ਵਾਕ-ਇਨ ਕੇਅਰ ਤੱਕ ਪਹੁੰਚ ਕਰੋ ਪਾਰ ਇਹ ਜਾਨਲੇਵਾ ਸੱਟਾਂ ਅਤੇ ਬਿਮਾਰੀਆਂ ਲਈ ਨਹੀਂ ਹਨ।

### ਆਪਣੀ ਭਲਾਈ ਲਈ ਸਹਾਇਤਾ ਤੱਕ ਪਹੁੰਚ ਕਰੋ:

- **ਮੈਡੀਕੇਅਰ ਮਾਨਸਿਕ ਸਿਹਤ ਕੇਂਦਰਾਂ** ਵਿੱਚ ਜਾਓ: ਪੂਰੇ ਆਸਟ੍ਰੇਲੀਆ ਵਿੱਚ ਮਾਨਸਿਕ ਸਿਹਤ ਅਤੇ ਭਲਾਈ ਲਈ ਮੁਫਤ, ਵਾਕ-ਇਨ ਸਹਾਇਤਾ ਉਪਲਬਧ ਹੈ। ਕਿਸੇ ਮੁਲਾਕਾਤ ਜਾਂ ਰੈਫਰਲ ਦੀ ਲੋੜ ਨਹੀਂ ਹੈ। ਇਸ ਸਹਾਇਤਾ ਤੱਕ ਪਹੁੰਚਣ ਲਈ ਤੁਹਾਨੂੰ ਆਸਟ੍ਰੇਲੀਆ ਦਾ ਨਾਗਰਿਕ ਹੋਣ, ਮੈਡੀਕੇਅਰ ਲਈ ਨਾਮਾਂਕਣ ਕਰਵਾਉਣ, ਜਾਂ ਤੁਹਾਡੇ ਕੋਲ ਮੈਡੀਕੇਅਰ ਕਾਰਡ ਹੋਣ ਦੀ ਲੋੜ ਨਹੀਂ ਹੈ।

### ਬੱਚਿਆਂ ਲਈ ਦੰਦਾਂ ਦੀ ਸਹਾਇਤਾ ਤੱਕ ਪਹੁੰਚ ਕਰੋ:

- ਜੋ ਬੱਚੇ ਯੋਗ ਹਨ ਉਹ ਦੰਦਾਂ ਦੀਆਂ ਮੁੱਢਲੀਆਂ ਸੇਵਾਵਾਂ ਦੀ ਲਾਗਤ ਦਾ ਕੁੱਝ ਹਿੱਸਾ ਜਾਂ ਸਾਰੀਆਂ ਲਾਗਤਾਂ ਦੀ ਭਰਪਾਈ ਕਰਨ ਲਈ ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ ਤੱਕ ਪਹੁੰਚ ਕਰ ਸਕਦੇ ਹਨ।

